ਨੰ: 12/63/89-5ਸਿਹਤ5/6464

ਪੰਜਾਬ ਸਰਕਾਰ

ਸਿਹਤ ਤੇ ਪਰਿਵਾਰ ਭਲਾਈ ਵਿਭਾਗ

(ਸਿਹਤ 5 ਸ਼ਾਖਾ)

ਵੱਲੋ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,ਰਜਿਸਟਰਾਰ,
ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਡਵੀਜ਼ਨਾਂ
ਦੇ ਕਮਿਸ਼ਨਰਾਂ ਅਤੇ ਰਾਜ ਵਿੱਚ ਜ਼ਿਲ੍ਹਾ ਅਤੇ ਸੈਸ਼ਨ ਜੱਜ,
ਡਿਪਟੀ ਕਮਿਸ਼ਨਰਾਂ ਅਤੇ ਉਪ ਮੰਡਲ ਅਫ਼ਸਰ (ਸਿਵਲ) ।

ਮਿਤੀ, ਚੰਡੀਗੜ੍ਹ 12 ਮਾਰਚ, 1991

ਵਿਸ਼ਾ:- ਪੰਜਾਬ ਸਰਕਾਰ ਦੇ ਕਰਮਚਾਰੀਆਂ/ਪੈਨਸ਼ਨਰਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਮੈਡੀਕਲ ਸਹੂਲਤਾਂ ਪ੍ਰਦਾਨ ਕਰਨ ਬਾਰੇ ।

ਸ਼੍ਰੀਮਾਨ ਜੀ,

ਨੰ: 10/12(373) 86-3 ਐਚ.ਬੀ. 5/ 3722 ਮਿਤੀ 18 ਫ਼ਰਵਰੀ, 1988

ਨੰ: 7/132/84-3 ਐਚ.ਬੀ. 5/1807, ਮਿਤੀ 28 ਜਨਵਰੀ, 1988

ਉਪਰੋਕਤ ਵਿਸ਼ੇ ਤੇ ਮੈਨੂੰ ਪੰਜਾਬ ਸਰਕਾਰ ਦੇ ਹਾਸ਼ੀਏ ਵਿੱਚ ਦਰਸਾਏ ਹਵਾਲਿਆਂ ਵੱਲ ਧਿਆਨ ਦਵਾਉਂਦੇ ਹੋਏ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ ਕਿ ਸਰਕਾਰ ਵਲੋਂ ਇਨ੍ਹਾਂ ਗਸ਼ਤੀ ਪੱਤਰਾਂ ਵਿੱਚ ਲਏ ਗਏ ਫੈਸਲਿਆਂ ਨੂੰ ਮੁੜ ਵਿਚਾਰਣ ਉਪਰੰਤ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ ਹੈ :-

(ੳ) ਪੰਜਾਬ ਸਰਕਾਰ ਦੇ ਮੁਲਾਜ਼ਮਾਂ/ਪੈਨਸ਼ਨਰਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਵਲੋਂ ਦੂਸਰੀ ਵਾਰ ਹਾਰਟ ਪੇਸ ਮੇਕਰ ਲਗਾਉਣ ਦੇ ਖਰਚੇ ਦੀ ਪ੍ਰਤੀ ਪੂਰਤੀ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ ।

ਅਤੇ

(ਅ) ਪੰਜਾਬ ਸਰਕਾਰ ਦੇ ਮੁਲਾਜ਼ਮਾਂ/ ਪੈਨਸ਼ਨਰਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੇ "ਹਿਪ ਜਾਇੰਟ ਇਮਪਲਾਈਟ" ਲਗਾਉਣ ਲਈ ਖਰਚੇ ਦੀ ਰਕਮ 9,000/- ਰੁ: ਤੋਂ ਵਧਾ ਕੇ 12,000/- ਰੁ: ਤਕ ਪ੍ਰਤੀ ਪੂਰਤੀ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ ।

2. ਪੰਜਾਬ ਸਰਕਾਰ ਦੇ ਹਵਾਲੇ ਅਧੀਨ ਗਸ਼ਤੀ ਪੱਤਰਾਂ ਵਿੱਚ ਲਗਾਈਆਂ ਗਈਆਂ ਸ਼ਰਤਾਂ ਲਾਗੂ ਰਹਿਣਗੀਆਂ ।

3. ਇਹ ਹਦਾਇਤਾਂ ਵਿੱਤ ਵਿਭਾਗ ਵਲੋਂ ਉਨ੍ਹਾਂ ਦੇ ਆਈ.ਡੀ.ਨੰ: 8/110/90-5 ਐਫ.ਈ. 2/4481, ਮਿਤੀ 7 ਫ਼ਰਵਰੀ,1991 ਰਾਹੀਂ ਪ੍ਰਾਪਤ ਹੋਈ ਸਹਿਮਤੀ ਅਨੁਸਾਰ ਕੀਤੀਆਂ ਜਾਂਦੀਆਂ ਹਨ ।

ਵਿਸ਼ਵਾਸਪਾਤਰ

ਸਹੀ/-

(ਅਧੀਨ ਸਕੱਤਰ ਸਿਹਤ)